# ਇਕ ਮੁਲਾਕਾਤ—ਸ੍ਰੀਮਤੀ ਕੈਲਾਸ਼ ਕੌਰ ਨਾਲ

*ਇਸ ਮੁਲਾਕਾਤ ਵਿਚ ਉਨ੍ਹਾਂ ਦੀਆਂ ਲੜਕੀਆਂ ਗੁੱਗੀ ਅਤੇ ਨਿੱਕੀ ਨੇ ਵੀ ਹਿੱਸਾ ਲਿਆ।*

*ਪ੍ਰੇਮ ਪ੍ਰਕਾਸ਼ ਅਤੇ ਸੁਰਜੀਤ ਹਾਂਸ ਵੱਲੋਂ ਸੰਪਾਦਿਤ ਪ੍ਰਸਿੱਧ ਰਸਾਲੇ ਲਕੀਰ ਨੇ ਕਾਲਮ "ਪਤਨੀ ਦੇ ਝਰੋਖੇ 'ਚੋਂ" ਵਿਚ ਆਪਣੇ ਅਪ੍ਰੈਲ-ਮਈ 1978 ਦੇ ਅੰਕ ਵਿਚ ਸ੍ਰੀਮਤੀ ਕੈਲਾਸ਼ ਕੌਰ ਨਾਲ ਇਕ ਮੁਲਾਕਾਤ ਛਾਪੀ ਸੀ। ਇਹਦੇ ਦਿਲਚਸਪ ਅਤੇ ਮਹੱਤਵਪੂਰਨ ਹੋਣ ਵੱਲ ਵੇਖਦਿਆਂ ਅਸੀਂ ਇਹ ਮੁਲਾਕਾਤ ਇਥੇ ਦੇ ਰਹੇ ਹਾਂ।*

*-ਸੰਪਾਦਕ*

? ਜਦੋਂ ਗੁਰਸ਼ਰਨ ਸਿੰਘ ਹੁਰਾਂ ਨੇ ਨੰਗਲ ਡਰਾਮੇ ਕਰਨੇ ਸ਼ੁਰੂ ਕੀਤੇ ਤਾਂ ਕੀ ਤੁਹਾਨੂੰ ਖਿਆਲ ਸੀ ਕਿ ਉਨ੍ਹਾਂ ਦਾ ਸ਼ੌਕ ਵੱਧ ਜਾਵੇਗਾ ?

• ਨਹੀਂ। ਮੈਨੂੰ ਕਿਥੇ ਖਿਆਲ ਸੀ।

? ਤੁਸੀਂ ਡਰਾਮੇ ਵਿਚ ਕਦੋਂ ਹਿੱਸਾ ਲੈਣਾ ਸ਼ੁਰੂ ਕੀਤਾ ?

• ਵਿਆਹ ਹੋਇਆ ਤਾਂ ਮੇਰਾ ਡਰਾਮੇ ਵਿਚ ਹਿੱਸਾ ਲੈਣਾ ਸ਼ੁਰੂ ਹੋ ਗਿਆ।

? ਅੱਛਾ ਤਾਂ ਘਰ ਦੇ ਡਰਾਮੇ ਤੋਂ ਬਾਅਦ ਬਾਹਰਲੇ ਡਰਾਮੇ ਸ਼ੁਰੂ ਕਰ ਲਏ ?

• ਗੁੱਗੀ ਛੋਟੀ ਜਿਹੀ ਸੀ। ਭਾਸ਼ਾ ਵਿਭਾਗ ਦੇ ਮੁਕਾਬਲੇ ਸੀ।... ਹੁਸ਼ਿਆਰਪੁਰ ਨੇੜੇ ਚੋਅ ਲੰਘਣ ਲੱਗੇ ਤਾਂ ਇਹਨੇ ਰੁੜ੍ਹ ਹੀ ਜਾਣਾ ਸੀ।

? ਕਦੋਂ ਦੀ ਗੱਲ ਹੈ ?

• 1959 ਦੀ।

? ਵਿਆਹ ਤਾਂ 1955 ਵਿਚ ਹੋਇਆ ਸੀ। ਤੁਸੀਂ ਪੁਰਾਣੇ ਡਰਾਮੇ ਹੀ ਖੇਡਦੇ ਰਹੇ?

• ਨਹੀਂ, ਨਵੇਂ ਵੀ ਸਨ, ਨਵੇਂ ਲਿਖੇ ਵੀ। 'ਘੁੰਮਣ ਘੇਰੀ', 'ਰਾਈ ਦਾ ਪਹਾੜ', 'ਮੁੱਠੀ ਭਰ ਚਾਵਲ' ਅਤੇ 'ਸਮਗਲਰ'।

? ਇਕ 'ਲੋਹੜੀ ਦੀ ਹੜਤਾਲ' ਸੀ।

• ਨਹੀਂ, ਉਹ ਨਹੀਂ ਮੈ ਖੇਡਿਆ।

? ਗੁੱਗੀ ਜੀ, ਜੇ ਤੁਸੀਂ ਚੋਅ ਵਿਚ ਡਿੱਗ ਪੈਂਦੇ ?

• ਗੁੱਗੀ ਏਨੀਂ ਛੋਟੀ ਸੀ...

ਗੁੱਗੀ : ... ਮੈਂ ਕੀ ਕਰਨਾ ਸੀ...

ਅੱਛਾ ਤੁਸੀਂ ਦੱਸੋ ਫੇਰ ਅਸੀਂ ਕੀ ਕਰਦੇ ? (ਹਾਸਾ) ਫੇਰ ਤੁਸੀਂ ਅੰਮ੍ਰਿਤਸਰ ਆ ਗਏ ?

• ਮੈਂ ਸੋਚਿਆ ਬਈ ਅੰਮ੍ਰਿਤਸਰ ਆ ਕੇ ਡਰਾਮੇ ਖ਼ਤਮ ਹੋ ਜਾਣਗੇ, ਪਰ ... ਮੈਂ ਤਾਂ ਡਰਾਮੇ ਦੇ ਕਪੜੇ ਕੁਪੜੇ ਵੀ ਨੌਕਰਾਂ ਨੂੰ ਦੇ ਦਿੱਤੇ ਸਨ।

? ਜਦੋਂ ਕਾਸਟਿਊਮਜ਼ ਬਣਾਉਂਦੇ ਨੇ, ਘਰ ਦੇ ਕੱਪੜਿਆਂ ਉਤੇ ਹੀ ਜ਼ੋਰ ਚੜ੍ਹਦਾ ਹੋਣੈ ?

• ਵਿਆਹ ਤੋਂ ਪਹਿਲਾਂ ਮੈਨੂੰ ਰਿਸ਼ਤੇਦਾਰਾਂ ਨੇ ਦੱਸਿਆ ਸੀ ਬਈ ਜਿਸ ਦਿਨ ਡਰਾਮਾ ਹੁੰਦੈ ਘਰ ਵਿਚ ਕੱਖ ਨਹੀਂ ਰਹਿੰਦਾ। ਬਲਬ ਵੀ ਲਾਹ ਕੇ ਲੈ ਜਾਂਦੇ ਹਨ। ਵਿਆਹ ਤੋਂ ਬਾਅਦ ਇੰਜ ਹੀ ਹੋਇਆ। ਕਪੜੇ, ਬੈੱਡ-ਕਵਰ, ਮੇਰੇ ਦਾਜ ਦਾ ਵੱਡਾ ਲੈਂਪ, ਭਾਂਡੇ—ਉਹ ਫੇਰ ਮੁੜ ਕੇ ਨਹੀਂ ਆਏ।

? ਡਰਾਮੇ ਤੋਂ ਬਾਅਦ ਕਲਾਕਾਰ ਘਰ ਰੋਟੀ ਵੀ ਖਾਣ ਆਉਂਦੇ ਸੀ ?

• ਉਂਜ ਉਹ ਮੇਰਾ ਖਿਆਲ ਕਰਦੇ ਸਨ, ਬੋਝ ਨਾ ਪਏ। ਕਿਧਰੋਂ ਖੁਆ-ਖੂ ਲਿਆਉਂਦੇ ਸਨ।

? ਪਹਿਲਾਂ ਘਰ ਦੀਆਂ ਚੀਜ਼ਾਂ ਗਵਾਓ, ਫੇਰ ਪਾਰਟ ਕਰੋ ਅਤੇ ਘਰ ਆ ਕੇ ਮਹਿਮਾਨਾਂ ਨੂੰ ਰੋਟੀ ਖੁਆਓ।

• ਪਿਛੇ ਜਿਹੇ ਦੀ ਗੱਲ ਦੱਸਦੀ ਹਾਂ। ਬੜਾ ਸੋਹਣਾ ਟੈਰੀਕਾਟ ਦਾ ਕੁਰਤਾ ਸੀ, ਬੜਾ ਮਹਿੰਗਾ ਜਿਹਾ। ਪਰ ਇਨ੍ਹਾਂ ਲਾਲ ਰੰਗ ਲਾ ਲਿਆ ਖ਼ੂਨ ਦਾ। ਮੈਨੂੰ ਆਮ ਤਾਂ ਗੁੱਸਾ ਨਹੀਂ ਆਉਂਦਾ, ਪਰ ਮੇਰਾ ਰੋਣ ਨਿਕਲ ਗਿਆ। ਮੈਨੂੰ ਦੁੱਖ ਹੋਇਆ ਬਈ ਜ਼ਰਾ ਨਹੀਂ ਖਿਆਲ ਆਇਆ। ਮੈਨੂੰ ਗੁੱਸੇ ਨਾਲ ਕਹਿੰਦੇ ਨੇ, "ਮੈਂ ਏਨਾਂ ਕੁਝ ਗਵਾਂ ਲਿਐ, ਤੁਹਾਨੂੰ ਕੁਰਤੇ ਉਤੇ ਤਕਲੀਫ਼ ਹੋਈ ਹੈ।" ਫੇਰ ਮੈਂ ਚੁੱਪ ਕਰ ਰਹੀ।

? ਵਿਆਹ ਤੋਂ ਪਹਿਲਾਂ ਵੀ ਤੁਹਾਨੂੰ ਪਤਾ ਸੀ, ਇਹ ਡਰਾਮੇ ਕਰਦੇ ਹਨ ?

• ਹਾਂ, ਪਤਾ ਸੀ।

? ਫੇਰ ਵੀ ਤੁਸੀਂ ਸਮਝੇ ਨਹੀਂ ?

• ਹਾਂ ਸੱਚੀ ਗੱਲ ਹੈ, ਮੈਨੂੰ ਸਮਝ ਹੈ ਵੀ ਨਹੀਂ ਸੀ। ਜਿਸ ਘਰ ਵਿਚੋਂ ਮੈਂ ਆਈ ਹਾਂ...ਖ਼ੈਰ...ਚੰਗਾ ਘਰ ਸੀ। ਅੱਛਾ ਖਾਣ, ਅੱਛਾ ਪਹਿਨਣ। ਕਿਸੇ ਗੱਲ ਦਾ ਪਤਾ ਹੀ ਨਹੀਂ ਸੀ। ਸਾਨੂੰ ਤਾਂ ਪਤਾ ਹੀ ਨਹੀਂ ਸੀ ਬਈ ਗਰੀਬ ਕੀ ਹੁੰਦੇ ਹਨ। ਇੰਜ ਹੀ ਹੁੰਦੈ, ਉਂਜ ਕੀ ਹੁੰਦੈ। ਮੈਨੂੰ ਨਹੀਂ ਸੀ ਪਤਾ। ਮੈਂ ਤਾਂ ਸੋਚਦੀ ਸੀ ਕਿ ਡਰਾਮਿਆਂ ਵਿਚ ਕੀ ਪਿਐ ?

? ਤੁਸੀਂ ਪਿੰਡਾਂ ਵਿਚ ਵੀ ਜਾਂਦੇ ਰਹੇ ਹੋ ?

• ਜਾਂਦੀ ਰਹੀ ਹਾਂ, ਪਰ ਹੁਣ ਨਹੀਂ ਜਾਂਦੀ।

? ਕਦੋਂ ਤੋਂ ?

• ਜਦੋਂ ਤੋਂ ਇਨ੍ਹਾਂ ਦੀ ਨੌਕਰੀ ਹਟੀ। ਫੇਰ ਨਹੀਂ ਗਈ। ਨਾ ਇਨ੍ਹਾਂ ਨੇ ਮੈਨੂੰ ਕਿਹਾ। ਮੈਨੂੰ ਆਪ ਕਹਿੰਦੇ ਨੇ, ਤੁਹਾਡਾ ਤਾਂ ਉਥੋਂ ਤਕ ਹੀ ਸੀ, ਸ਼ੌਕੀਆਂ, ਹੁਣ ਮੇਰੀ ਹੋਰ

ਸਟੇਜ ਆਉਂਣੀ ਹੈ, ਮੈਂ ਤੁਹਾਨੂੰ ਦੁੱਖ ਨਹੀਂ ਦਿੰਦਾ।

? ਜਦੋਂ ਇਨ੍ਹਾਂ ਦੀ ਨੌਕਰੀ ਹਟੀ ਤਾਂ ਤੁਹਾਨੂੰ ਕਿਵੇਂ ਲੱਗਿਆ ?

• ਨੌਕਰੀ ਹਟੀ ਦਾ ਦੁੱਖ ਤਾਂ ਹਰ ਇਕ ਨੂੰ ਹੁੰਦੈ। ਮੈਨੂੰ ਲੱਗਿਆ ਕਿ ਸਰਕਾਰ ਨੇ ਅਜਿਹੇ ਚੰਗੇ ਬੰਦੇ, ਉਦੇਸ਼ ਲਈ ਕੁਝ ਕਰਨ ਵਾਲੇ ਬੰਦੇ ਨੂੰ ਕੱਢ ਦਿੱਤਾ। ਹੁਣ ਇਨ੍ਹਾਂ ਨੂੰ ਸਾਡਾ ਵੀ ਫ਼ਿਕਰ ਪੈ ਗਿਆ। ਇੱਕਲੇ ਹੁੰਦੇ ਤਾਂ ਹੋਰ ਗੱਲ ਸੀ। ਘਰ ਦਾ ਖਰਚ ਕਿਸ ਤਰ੍ਹਾਂ ਚਲਾਉਣੈ। ਇਨ੍ਹਾਂ ਨੇ ਇਹ ਵੀ ਧਿਆਨ ਰੱਖਣਾ ਸੀ ਕਿ ਪਰਿਵਾਰ ਦੇ ਜੀਆਂ ਵਿਚ ਮਨ ਦੀਆਂ ਗੁੰਝਲਾਂ ਨਾ ਪੈ ਜਾਣ। ਮੈਨੂੰ ਇਸ ਗੱਲ ਦਾ ਦੁੱਖ ਸੀ। ਪਰ ਮੈਨੂੰ ਇਨ੍ਹਾਂ ਬਾਰੇ ਕੋਈ ਸ਼ਕਾਇਤ ਨਹੀਂ।

? ਇਹ ਤੁਹਾਡੀ ਤਾਂ ਬਾਹਰ ਅਕਸਰ ਸ਼ਿਕਾਇਤ ਕਰਦੇ ਹਨ ?

• ਕਿਸ ਤਰ੍ਹਾਂ ?

? ਤੁਸੀਂ ਗਿਆਨੀ ਜੀ ਦਾ ਲੈਕਚਰ ਸੁਣਿਆ ਅਤੇ ਇਨ੍ਹਾਂ ਨੂੰ ਕਹਿਣ ਲੱਗ ਪਏ, "ਇਹ ਤਾਂ ਏਨੇਂ ਚੰਗੇ ਆਦਮੀ ਹਨ,' ਤੁਸੀਂ ਲੋਕਾਂ ਨੂੰ ਐਵੇਂ ਹੀ ਬੁਰਾ ਕਹਿਣ ਲੱਗ ਜਾਂਦੇ ਹੋ।"

• ਇਸ ਤਰ੍ਹਾਂ ਤਾਂ ਕਈ ਵਾਰ ਹੋ ਜਾਂਦੈ। ਇਹ ਜੰਮੂ ਦੀ ਗੱਲ ਹੈ। ਮੈਂ ਕਿਹਾ, "ਗਿਆਨੀ ਜੀ, ਜਿਸ ਤਰ੍ਹਾਂ ਦੀਆਂ ਤੁਸੀਂ ਗੱਲਾਂ ਕਰਦੇ ਹੋ, ਉਹੀ ਅਸੀਂ ਕਹਿੰਦੇ ਹਾਂ। ਸਾਡੇ ਨਾਲ ਅਨਿਆਂ ਕਿਉਂ ?"

? ਕੀ ਕਹਿੰਦੇ ਗਿਆਨੀ ਜੀ ?

• ਸੁਆਹ !

? ਗੁਰਸ਼ਰਨ ਸਿੰਘ ਹੁਰੀਂ ਸਟੇਜ ਉਤੇ ਬਹੁਤ ਗੁੱਸੇ ਵਿਚ ਆ ਜਾਂਦੇ ਹਨ। ਇਹ ਇਹੋ ਜਿਹਾ ਡਰਾਮਾ ਕਦੇ ਘਰ ਵੀ ਕਰਦੇ ਹਨ ?

• ਨਹੀਂ...ਉਂਜ ਅਸੀਂ ਇਨ੍ਹਾਂ ਨੂੰ ਕਈ ਵਾਰ ਮਾਫ਼ ਵੀ ਇਸ ਕਰਕੇ ਕਰ ਦਿੰਦੇ ਹਾਂ ਕਿ ਬੱਚਿਆਂ ਦਾ ਇਨ੍ਹਾਂ ਵਰਗਾ ਬਾਪੂ ਕੋਈ ਘੱਟ ਹੀ ਹੋਣੈ, ਇਨ੍ਹਾਂ ਵਰਗਾ ਪਤੀ ਸ਼ਾਇਦ ਕੋਈ ਨਹੀਂ ਹੋਣਾ। ਬੜੇ ਚੰਗੇ ਇਨਸਾਨ ਹਨ। ਕਈ ਵਾਰ ਇਨ੍ਹਾਂ ਉਤੇ ਗੁੱਸਾ ਵੀ ਆਉਂਦਾ ਹੈ, ਪਰ ਅਸੀਂ ਮਾਫ਼ ਕਰ ਦਿੰਦੇ ਹਾਂ-ਬੰਦਾ ਚੰਗੈ ਉਂਜ।

? ਇਨ੍ਹਾਂ ਨੇ ਬੱਚਿਆਂ ਨੂੰ ਕਦੇ ਮਾਰਿਆਂ ਨਹੀਂ ?

• ਨਹੀਂ, ਕਦੇ ਨਹੀਂ।

? ਫੇਰ ਬੱਚਿਆਂ ਨੂੰ ਮਾਰਨ ਦਾ ਕੰਮ ਕੌਣ ਕਰਦੈ, ਤੁਸੀਂ ?

• ਘੱਟ ਹੀ...ਉਂਜ ਕਿਤੇ ਬਹੁਤ ਨਿੱਕੇ ਹੁੰਦਿਆਂ...

? ਬਾਹਰ ਤਾਂ ਇਹ ਬੜੇ ਜੋਸ਼ ਵਿਚ ਆ ਜਾਂਦੇ ਹਨ।

• ਨਹੀਂ, ਘਰ ਨਹੀਂ। ਕਦੇ-ਕਦੇ ਇੰਜ ਹੋ ਜਾਂਦੈ। ਜਦੋਂ ਨੌਕਰੀ ਟੁੱਟੀ ਤਾਂ ਇਨ੍ਹਾਂ ਦੇ ਮਾਤਾ ਜੀ, ਵੱਡੇ ਹਨ ਨਾ, ਕੁਝ ਕਹਿ ਦਿੰਦੇ ਸਨ, ਤਾਂ ਜੋਸ਼ ਵਿਚ ਆ ਜਾਂਦੇ ਸਨ। ਜਾਂ ਕਈ ਵਾਰ ਦੋ-ਚਾਰ ਦਿਨ ਲਗਾਤਾਰ ਬਾਹਰ ਰਹਿਣਾ। ਅਸੀਂ ਕੁਝ ਕਹਿਣਾ

ਤਾਂ ਗੁੱਸੇ ਹੋ ਜਾਂਦੇ ਸਨ। "ਮੈਂ ਬਾਹਰੋਂ ਚੰਗਾ ਭਲਾ ਆਉਨਾਂ, ਤੁਸੀਂ ਪਤਾ ਨਹੀਂ ਕੀ ਪ੍ਰਭਾਵ ਬਣਾ ਲੈਂਦੇ ਹੋ। ਮੇਰੇ ਹੁਣ ਅਸਲੀ ਦਿਨ ਨੇ, ਮੈਂ ਅੱਗੇ ਬੱਝਿਆ ਰਿਹਾ!"

? ਮੈਂ ਸੋਚਿਆ ਸੀ ਕਿ ਲੜਾਈ ਕਰਕੇ ਤੁਸੀਂ ਰੋਂਦੇ ਹੋਵੋਗੇ, ਤੁਸੀਂ ਕਹਿੰਦੇ ਹੋ ਉਹ ਰੋਂਦੇ ਹਨ ?

• ਮੈਨੂੰ ਕੀ ਪੁੱਛਦੇ ਓ, ਉਨ੍ਹਾਂ ਕੋਲੋਂ ਪੁੱਛਣਾ। ਮੈਨੂੰ ਸ਼ਾਇਦ ਇਨ੍ਹਾਂ ਦੀ ਸਮਝ ਆ ਗਈ ਸੀ। ਇਸ ਕਰਕੇ ਕੰਮ ਠੀਕ ਚਲਦਾ ਰਿਹਾ। ਮੈਨੂੰ ਉਨ੍ਹਾਂ ਦੀ ਨੌਕਰੀ ਟੁੱਟਣ ਦਾ ਦੁੱਖ ਬੜਾ ਸੀ। ਨੌਕਰੀ ਵੀ ਮਾਮੂਲੀ ਤਾਂ ਨਹੀਂ ਸੀ। ਮੈਂ ਜਦੋਂ ਉਨ੍ਹਾਂ ਦੇ ਦਫ਼ਤਰ ਸਾਹਮਣੇ ਦੀ ਸਕੂਟਰ ਉਤੋਂ ਲੰਘਣਾ, ਮੇਰਾ ਰੋਣ ਨਿਕਲ ਜਾਂਦਾ। ਮੈਂ ਆਪਣੇ ਆਪ ਨੂੰ ਰੋਕ ਨਹੀਂ ਸੀ ਸਕਦੀ। ਪਰ ਮੈਂ ਉਨ੍ਹਾਂ ਨੂੰ ਜ਼ਾਹਿਰ ਨਹੀਂ ਹੋਣ ਦਿੰਦੀ ਸੀ। ਲੋਕ ਮੇਰੇ ਕੋਲ ਆਇਆ ਕਰਨ, "ਸਰਦਾਰ ਹੁਰਾਂ ਨੂੰ ਸਮਝਾਇਆ ਕਰੋ।" ਮੈਂ ਕਹਿ ਦੇਣਾ, "ਭੈੜੇ ਕੰਮ ਤਾਂ ਨਹੀਂ ਕਰਦੇ, ਸ਼ਰਾਬ ਨਹੀਂ ਪੀਂਦੇ, ਉਹੋ ਜਿਹੇ ਕੰਮ ਤਾਂ ਨਹੀਂ ਕਰਦੇ। ਠੀਕ ਏ ਸਾਡੀ ਫੈਮਿਲੀ ਵਿਚ ਹੋਰ ਕਿਸੇ ਨੇ ਇਉਂ ਨਹੀਂ ਕੀਤਾ, ਇਹ ਕਰਦੇ ਹਨ, ਕਰਨ।"

? ਪਿੰਡਾਂ ਵਾਲੇ ਡਰਾਮੇ ਨੂੰ ਕਿਸ ਤਰ੍ਹਾਂ ਲੈਂਦੇ ਹਨ ?

• ਠੀਕ ਹੀ, ਜਤਿੰਦਰ ਹੁਰੀਂ ਤਾਂ ਝਕਦੇ ਨਹੀਂ। ਮੈਨੂੰ ਉਥੇ ਜਾ ਕੇ ਸੰਗ ਆਉਣ ਲੱਗ ਜਾਂਦੀ ਹੈ। ਇਹ ਕੀ ਸੋਚਦੇ ਹੋਣਗੇ ਕਿ ਅਸੀਂ ਕਿਉਂ ਡਰਾਮਾ ਕਰਦੇ ਹਾਂ। ਕਈ ਵਾਰ ਤਮਾਸ਼ਾਈ ਕਹਿੰਦੇ, "ਲਓ ਪੇਟ ਦੀ ਖਾਤਰ..."

? ਤੁਹਾਨੂੰ ਖਿਆਲ ਸੀ ਕਿ ਐਮਰਜੈਂਸੀ ਹਟ ਜਾਵੇਗੀ ਅਤੇ ਨੌਕਰੀ ਵੀ ਲੱਗ ਜਾਵੇਗੀ ?

• ਨਹੀਂ, ਮੈਨੂੰ ਲਗਦਾ ਸੀ ਕਿ ਇਹ ਨਹੀਂ ਹੋਣਾ ਇਨ੍ਹਾਂ ਦਾ ਖਿਆਲ ਸੀ ਕਿ ਸਦਾ ਇਹ ਦਿਨ ਥੋੜ੍ਹੇ ਰਹਿਣੇ ਹਨ।

ਨਿੱਕਾ : ਖਿਆਲ ਸੀ ਪੰਜ ਸਾਲ, ਹੱਦ ਦਸ ਸਾਲ...

• ਮੇਰਾ ਖਿਆਲ ਸੀ ਕਿ ਸਾਡੇ ਹੁੰਦਿਆਂ ਨਹੀਂ ਇਹ ਗੱਲ ਹੋਣੀ, ਮਗਰ ਭਾਵੇਂ ਲੱਭਦੇ ਫਿਰਨ ਕਿ ਕਿਥੇ ਹਨ ਗੁਰਸ਼ਰਨ ਸਿੰਘ ਦੇ ਵਾਰਿਸ। ਮੇਰੇ ਦਿਲ ਵਿਚ ਆਉਣੀ, ਇਨ੍ਹਾਂ ਦੀ ਨੌਕਰੀ ਲੱਗਣ ਦਾ ਦਿਨ ਦੇਖਾਂ।

? ਉਨ੍ਹਾਂ ਦਾ ਖਿਆਲ ਹੈ ਕਿ ਮੁੜਕੇ ਨਹੀਂ ਐਮਰਜੈਂਸੀ ਆਉਣੀ।

• ਕੀ ਪਤਾ। ਲਗਦਾ ਤਾਂ ਹੈ ਕਿ ਦੋ-ਚਾਰ ਸਾਲ ਚੰਗੇ ਲੰਘ ਜਾਣਗੇ।

? ਨਿੱਕਾ, ਤੁਸੀਂ ਕੀ ਕਰਨੈ ?

ਨਿੱਕਾ : ਮੈਂ ਅੱਠਵੀਂ ਵਿਚ ਹਾਂ। ਕੋਈ ਫ਼ੈਸਲਾ ਨਹੀਂ ਕੀਤਾ।

? ਵੱਡੇ ਬਣਨ ਦਾ ਫ਼ੈਸਲਾ ਤਾਂ ਕੀਤੈ ?

ਨਿੱਕਾ : ਇਹ ਖਿਆਲ ਤਾਂ ਹੈ ਕਿ ਕੁਝ ਨਾ ਕੁਝ ਕਰਨਾ ਤਾਂ ਜ਼ਰੂਰ ਹੈ।

? ਤੁਸੀਂ ਨਿੱਕੇ ਹੁੰਦਿਆਂ ਹੀ ਡਰਾਮੇ ਕਰਨ ਲੱਗ ਪਏ ਸੀ ?

ਨਿੱਕਾ : ਇਕ ਵਾਰ ਮੰਮੀ ਅਤੇ ਡੈਡੀ ਸਟੇਜ ਉਤੇ ਸਨ। ਮੈਂ ਰੋਣ ਲੱਗ ਪਈ। ਡੈਡੀ ਸਟੇਜ ਉਤੋਂ ਉਤਰ ਕੇ ਮੈਨੂੰ ਚੁੱਕ ਲਿਆਏ। ਕਹਿਣ ਲੱਗੇ-ਵੇਖੋ, ਗੁਆਂਢੀ ਆਪਣੇ ਬੱਚੇ ਨੂੰ ਰੋਂਦਾ ਹੀ ਛੱਡ ਗਏ ਹਨ।

'ਜਿਨ ਸਚਿ ਪਲੈ ਹੋਇ' ਇਨ੍ਹਾਂ ਨੇ ਬੜੇ ਕੀਤੈ। ਬੱਚਿਆਂ ਦੇ ਡਰਾਮੇ 'ਲਾਲ ਜੀ' ਵਿਚ ਦੋਵੇਂ ਹਿੱਸਾ ਲੈਂਦੀਆਂ ਰਹੀਆਂ।

? ਗੁੱਗੀ, ਤੁਹਾਨੂੰ ਐਕਟਰਸ ਹੋਣ ਦਾ ਖਿਆਲ ਨਹੀਂ ਆਇਆ ?

ਗੁੱਗੀ : ਨਹੀਂ, ਮੈਂ ਸ਼ੌਕ ਨਾਲ ਨਹੀਂ ਕਰਦੀ। ਡਰਾਮੇ ਵਿਚ ਮੈਨੂੰ ਮਜ਼ਾ ਨਹੀਂ ਆਉਂਦਾ।

? ਗੁਰਸ਼ਰਨ ਸਿੰਘ ਹੋਰੀਂ ਪ੍ਰਕਾਸ਼ਕ ਵੀ ਹਨ। ਇਨ੍ਹਾਂ ਦੀਆਂ ਪ੍ਰਕਾਸ਼ਨਾਵਾਂ ਕਿਹੋ ਜਿਹੀਆਂ ਹਨ ?

• ਭੈੜੀਆਂ ! ਜਿਹੜਾ ਕਵਿਤਾ ਲਿਖਣੀ ਸਿਖਦੈ, ਉਹ ਸਾਡੇ ਘਰ ਖਰੜਾ ਭੇਜ ਦਿੰਦੈ। ਇਥੇ ਕਈ ਗੁਆਚ ਵੀ ਜਾਂਦੇ ਨੇ।

? ਜਿਹੜਾ ਇਨ੍ਹਾਂ ਨੂੰ ਭਾਵੁਕ ਕਰ ਜਾਵੇ, ਉਹੀ ਛਪ ਜਾਂਦਾ ਹੈ ?

• ਇਹੀ ਤਾਂ ਮੁਸ਼ਕਲ ਹੈ। ਇਹ ਕਿਸੇ ਨੂੰ ਨਾਂਹ ਨਹੀਂ ਕਰ ਸਕਦੇ। ਮੈਂ ਕਈ ਵਾਰ ਤਾਅਨਾ ਦੇ ਦਿੰਦੀ ਹਾਂ ਕਿ ਐਮਰਜੈਂਸੀ ਵਿਚ ਕਿਸੇ ਨੇ ਸਾਡਾ ਹਾਲ ਵੀ ਨਹੀਂ ਸੀ ਪੁੱਛਿਆ, ਹੁਣ ਹਰ ਕੋਈ ਆਪਣੇ ਮਤਲਬ ਲਈ ਆ ਕੇ ਆਖਦਾ ਹੈ, "ਭਾ-ਜੀ, ਤੁਸੀਂ ਬੜੇ ਚੰਗੇ ਸਾਥੀ ਹੋ, ਕਿਤਾਬਾਂ ਕਦੋਂ ਛਾਪੋਗੇ ?"

? ਇਹ 'ਭਾ-ਜੀ' ਕਿਵੇਂ ਹੋ ਗਏ ?

• ਨੰਗਲ 'ਵੀਰ ਜੀ' ਸਨ। ਅੰਮ੍ਰਿਤਸਰ ਆ ਕੇ...

? ਏਥੇ ਤਾ 'ਭਾਊ' ਹੋਣਾ ਚਾਹੀਦਾ ਸੀ ?

• ਜਤਿੰਦਰ ਹੋਰੀਂ ਅਤੇ ਬਾਕੀ ਆਰਟਿਸਟ 'ਭਾ-ਜੀ' ਕਹਿੰਦੇ ਸਨ।

ਨਿੱਕਾ : ਫਿਰ ਬਾਕੀਆਂ ਨੇ ਵੀ 'ਭਾ-ਜੀ' ਕਹਿਣਾ ਸ਼ੁਰੂ ਕਰ ਦਿੱਤਾ।

? ਡਰਾਮੇ ਕਿਹੜੇ ਇਲਾਕੇ ਵਿਚ ਕਰਦੇ ਹਨ ?

ਨਿੱਕਾ : ਮਾਝੇ ਵਿਚ ਕੋਈ ਨਹੀਂ ਹੁੰਦਾ।

ਘਰੋਂ ਤਾਂ ਰੋਜ਼ ਹੀ ਗਏ ਰਹਿੰਦੇ ਹਨ, ਸਾਨੂੰ ਕੀ ਪਤਾ...

ਨਿੱਕਾ : ਬਹੁਤੇ ਤਾਂ ਮੋਗਾ, ਬੰਠਿਡਾ, ਲੁਧਿਆਣਾ...

? ਤੁਸੀਂ ਇਨ੍ਹਾਂ ਦੇ ਜਾਂ ਆਪਣੇ ਦਰਸ਼ਕਾ ਨੂੰ ਕੁਝ ਕਹੋਗੇ ?

• ਮੈਂ ਤਾਂ ਕੁਝ ਨਹੀਂ ਕਹਿੰਦੀ। ਬਸ ਨਾਲ ਹੀ ਤੁਰੀ ਜਾਂਦੀ ਹਾਂ...

ਪੰਜਾਬ ਦੀ ਰਾਏ-ਆਮ ਹੁਣ ਤਿੰਨ ਧਿਰਾਂ ਵਿਚ ਵੰਡੀ ਹੋਈ ਹੈ। ਇਕ ਧਿਰ ਸਿੱਖ ਸੋਚਣੀ ਦੀ ਹੈ, ਦੂਜੀ ਧਿਰ ਹਿੰਦੂ ਸੋਚਣੀ ਦੀ ਹੈ ਅਤੇ ਤੀਜੀ ਧਿਰ ਜਮ੍ਹੂਹਰੀ ਸੋਚ ਵਾਲਿਆਂ ਦੀ ਹੈ।...ਤੀਜੀ ਧਿਰ ਦੀ ਆਵਾਜ਼ ਹੀ ਨਿਰਪੱਖ ਅਤੇ ਦਲੀਲਵਾਦੀ ਹੈ ਜੋ ਪੰਜਾਬ ਦੇ ਭਵਿੱਖ ਵਾਸਤੇ ਕੋਈ ਉਮੀਦ ਬਨ੍ਹਾਉਂਦੀ ਹੈ।...ਹੁਣ ਇਹ ਤੀਜੀ ਧਿਰ ਦਾ ਫ਼ਰਜ਼ ਹੈ ਕਿ ਉਹ ਖਿਚਾਅ ਦੂਰ ਕਰਨ ਲਈ ਇਕ ਰਾਏਆਮਾ ਬਣਾਏ।

ਸਾਰੇ ਪੰਜਾਬੀਆਂ ਦਾ ਹੱਕ ਹੈ ਕਿ ਉਹ ਸੁਰੱਖਿਆ ਵਾਲੀ ਜ਼ਿੰਦਗੀ ਜਿਉਣ। ਹਰ ਮਸਲੇ ਵੱਲ ਨਿਰਪੱਖ ਹੋ ਕੇ ਜ਼ੁਰਅਤ ਨਾਲ ਗੱਲ ਕੀਤੀ ਜਾਵੇ। ਦੋਸ਼ੀਆਂ ਉਤੇ ਉਂਗਲ ਰੱਖੀ ਜਾਵੇ। ਦਲੀਲ ਦੀ ਗੱਲ ਕੀਤੀ ਜਾਵੇ। ਇਹ ਦਲੀਲ ਦੀ ਗੱਲ ਨਾ ਹੀ ਧਾਰਮਿਕ ਦੀਵਾਨਾਂ ਵਿਚ ਹੋ ਸਕਦੀ ਹੈ ਅਤੇ ਨਾ ਹੀ ਭਾੜੇ ਉਤੇ ਇਕੱਠੇ ਕੀਤੇ ਗਏ ਸਰਕਾਰੀ ਜਲਸਿਆ ਵਿਚ। ਸਗੋਂ ਇਹ ਰਾਏ-ਆਮਾ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ, ਨੌਜਵਾਨਾਂ ਤੇ ਵਿਦਿਆਰਥੀਆਂ ਦੀਆਂ ਰੈਲੀਆਂ ਵਿਚ ਅਤੇ ਸਾਹਿਤਕ ਅਤੇ ਸਭਿਆਚਾਰਕ ਪ੍ਰੋਗਰਾਮਾਂ ਵਿਚ ਹੀ ਹੋ ਸਕਦੀ ਹੈ। ਇਹ ਇਕੱਠ ਬਹੁਤ ਵੱਡੀ ਗਿਣਤੀ ਵਿਚ ਹੋਣੇ ਚਾਹੀਦੇ ਹਨ। ਪੰਜਾਬ ਅੱਗੇ ਹੀ ਬਹੁਤ ਝੁਲਸ ਚੁੱਕਿਆ ਹੈ। ਇਹਨੂੰ ਹੋਰ ਅੱਗ ਤੋਂ ਬਚਾਉਣ ਲਈ ਤੀਜੀ ਧਿਰ ਦੇ ਨਿੱਰਪੱਖ ਲੋਕਾਂ ਨੂੰ ਅੱਗੇ ਆਉਣਾ ਚਾਹੀਦਾ ਹੈ ਅਤੇ ਆਪਣੀ ਜ਼ਿੰਮੇਵਾਰੀ ਜ਼ੁਰਅਤ ਨਾਲ ਨਿਭਾਉਣੀ ਚਾਹੀਦੀ ਹੈ।

(**ਲਕੀਰ** (1978) 'ਚੋਂ ਧੰਨਵਾਦ ਸਹਿਤ)